# <u>ਪ੍ਰੈਸ ਨੋਟ</u>

ਸ੍ਰੀ V.K. ਭਾਵਰਾ IPS, ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਜੀ ਦੀਆ ਹਦਾਇਤਾਂ ਤੇ ਸ੍ਰੀ ਸਰਤਾਜ ਸਿੰਘ ਚਾਹਲ IPS ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਜੀ ਵਲੋਂ ਦਿੱਤੇ ਦਿਸ਼ਾ ਨਿਰਦੇਸ਼ਾ ਤੇ ਸ੍ਰੀ ਮੁਖਤਿਆਰ ਰਾਏ PPS, SP (Investigation) ਹੁਸ਼ਿਆਰਪੁਰ ਦੀ ਰਹਿਨੁਮਾਈ ਹੇਠਾਂ ਨਜਾਇਜ ਅਸਲਾ ਰੱਖਣ ਵਾਲੇ ਵਿਅਕਤੀਆਂ ਦੇ ਖਿਲਾਫ ਮੁਹਿਮ ਚਲਾਈ ਗਈ ਹੈ। ਇਸ ਮੁਹਿੰਮ ਦੌਰਾਨ ਸ੍ਰੀ ਪ੍ਰੇਮ ਕੁਮਾਰ, PPS DSP (R) ਵਲੋ ਸੀਨੀਅਰ ਅਫਸਰਾਂ ਦੇ ਦਿਸ਼ਾ ਨਿਰਦੇਸ਼ ਅਤੇ ਹਦਾਇਤਾ ਦੀ ਪਾਲਣਾ ਕਰਦੇ ਹੋਏ, SI ਬਲਜਿੰਦਰ ਸਿੰਘ SHO ਥਾਣਾ ਹਰਿਆਣਾ ਮਿਤੀ 03-06-22 ਨੂੰ ਭੈੜੇ ਪੁਰਸ਼ਾ ਦੀ ਚੈਕਿੰਗ ਦੌਰਾਨ ਸਿਵਲ ਹਸਪਤਾਲ ਚੌਕ ਮੌਜੂਦ ਸੀ ਤਾਂ ਹੁਸ਼ਿਆਰਪੁਰ ਦੀ ਤਰਫੋ ਇਕ ਗੱਡੀ ISUZU ਪਿੱਕਅਪ ਨੰਬਰੀ PB07-BT-4052 ਆਉਂਦੀ ਦਿਖਾਈ ਦਿੱਤਾ, ਜਦੋ ਗੱਡੀ ਦਾ ਡਰਾਈਵਰ ਅਤੇ ਵਿੱਚ ਬੈਠੇ ਪੰਜ ਗੱਡੀ ਵਿਅਕਤੀ ਪੁਲਿਸ ਪਾਰਟੀ ਨੂੰ ਦੇਖ ਕੇ ਪਿੱਛੇ ਨੂੰ ਮੁੜਨ ਲੱਗੇ ਤਾਂ ਮੁੱਖ ਅਫਸਰ ਥਾਣਾ ਹਰਿਆਣਾ ਨੇ ਸਾਥੀ ਕਰਮਚਾਰੀਆ ਦੀ ਮਦਦ ਨਾਲ ਗੱਡੀ ਕਾਬੂ ਕੀਤੀ ਅਤੇ ਵਿੱਚ ਬੈਠੇ ਵਿਅਕਤੀਆ **ਜਸਵਿੰਦਰ ਸਿੰਘ ਉਰਫ ਸੋਨੂੰ, ਅਜੇ ਕੁਮਾਰ, ਸੰਨੀ, ਸੁਨੀਲ ਅਤੇ ਗੌਰਵ ਪਾਸੋਂ** ਤਲਾਸ਼ੀ ਕਰਨ ਪਰ 3 ਪਿਸਟਲ 7.65 ਐਮ.ਐਮ. ਅਤੇ 22 ਜਿੰਦਾ ਰੌਂਦ ਅਤੇ ਤੇਜਧਾਰ ਹਥਿਆਰ ਬ੍ਰਾਮਦ ਹੋਏ ਜਿਸਤੇ **ਮੁੱਕਦਮਾ 59 ਮਿਤੀ 03-06-2022 ਅ/ਧ 25-54-59 Arms Act ਥਾਣਾ ਹਰਿਆਣਾ ਜਿਲ੍ਹਾ ਹੁਸ਼ਿਆਰਪੁਰ** ਦਰਜ ਰਜਿਸਟਰ ਕੀਤਾ ਗਿਆ। ਜੋ ਦੋਸ਼ੀਆਨ ਨੂੰ ਅੱਜ ਪੇਸ਼ ਅਦਾਲਤ ਕੀਤਾ ਜਾ ਰਿਹਾ ਹੈ ਅਤੇ ਦੋਸ਼ੀਆਨ ਦਾ ਪੁਲਿਸ ਰਿਮਾਂਡ ਹਾਸਲ ਕਰਕੇ ਇਹਨਾ ਨੇ ਕਿਥੇ ਵਾਰਦਾਤਾ ਕਰਨੀਆ ਸੀ ਅਤੇ ਇਹ ਹਥਿਆਰ ਕਿਥੋ ਲਿਆਂਦੇ ਹਨ, ਇਸ ਬਾਰੇ ਪੁੱਛ ਗਿੱਛ ਕੀਤੀ ਜਾਵੇਗੀ।

**ਬ੍ਰਾਮਦਗੀ :-**
1. 03 ਪਿਸਟਲ 7.65 MM
2. 22 ਜਿੰਦਾ ਰੌਂਦ 7.65 MM
3. 02 ਖੰਡੇ (ਲੋਹਾ ਦੇ )
4. 01 ਬੇਸਬਾਲ
5. ਗੱਡੀ ISUZU ਪਿੱਕਅਪ ਨੰਬਰੀ PB07-BT-4052

**ਦੋਸ਼ੀਆਨ :-**

1. **ਜਸਵਿੰਦਰ ਸਿੰਘ ਉਰਫ ਸੋਨੂੰ** ਪੁੱਤਰ ਮਲਕੀਤ ਸਿੰਘ ਵਾਸੀ ਘਰਾਤੀ ਗੇਟ ਹਰਿਆਣਾ ਥਾਣਾ ਹਰਿਆਣਾ
**ਬ੍ਰਾਮਦਗੀ:-** ਇੱਕ ਪਿਸਟਲ 4 ਰੌਂਦ 7.65 MM ਅਤੇ ਗੱਡੀ ISUZU
(ਇਸ ਦੇ ਖਿਲਾਫ ਪਹਿਲਾ 05 ਮੁਕੱਦਮੇ ਦਰਜ ਹਨ)

2. **ਅਜੇ ਕੁਮਾਰ ਉਰਫ ਵਿੱਕੀ** ਪੁੱਤਰ ਮੰਗੀ ਰਾਮ ਵਾਸੀ ਨਿਊ ਕਲੋਨੀ ਚੋਲਾਂਗ ਰੋਡ ਹਰਿਆਣਾ ਜਿਲਾ ਹੁਸ਼ਿਆਰਪੁਰ
**ਬ੍ਰਾਮਦਗੀ:-** ਇੱਕ ਪਿਸਟਲ 4 ਰੌਂਦ 7.65 MM

3. **ਸੰਨੀ ਉਰਫ ਬਸੀ** ਪੁੱਤਰ ਪੂਰਨ ਚੰਦ ਵਾਸੀ ਬਸਤਾ ਥਾਣਾ ਸਦਰ ਜਿਲਾ ਹੁਸ਼ਿਆਰਪੁਰ
**ਬ੍ਰਾਮਦਗੀ:-** ਇੱਕ ਪਿਸਟਲ 4 ਰੌਂਦ 7.65 MM ( ਇਸ ਦੇ ਖਿਲਾਫ ਪਹਿਲਾ 02 ਮੁਕੱਦਮੇ ਦਰਜ ਹਨ)

4. **ਸੁਨੀਲ ਉਰਫ ਸਾਹਿਲ** ਪੁੱਤਰ ਕੁਲਦੀਪ ਵਾਸੀ ਬਟਾਲਾ ਥਾਣਾ ਹਰਗੋਬਿੰਦਪੁਰ ਜਿਲਾ ਗੁਰਦਾਸਪੁਰ
**ਬ੍ਰਾਮਦਗੀ:-** ਖੰਡੇ (ਲੋਹਾ ਦੇ ) 5 ਰੌਂਦ ਜਿੰਦਾ 7.65 MM

5. **ਗੌਰਵ** ਪੁੱਤਰ ਸਤਨਾਮ ਵਾਸੀ ਰਾਮਤੀਰਥ ਸਿੰਘੀਆ ਗੇਟ ਬਟਾਲਾ ਅੰਮ੍ਰਿਤਸਰ ਥਾਣਾ ਛੇਹਰਟਾ ਜਿਲਾ ਅੰਮ੍ਰਿਤਸਰ
**ਬ੍ਰਾਮਦਗੀ:-** ਖੰਡੇ (ਲੋਹਾ ਦੇ ) 5 ਰੌਂਦ ਜਿੰਦਾ 7.65 MM ( ਇਸ ਦੇ ਖਿਲਾਫ ਪਹਿਲਾ 01 ਮੁਕੱਦਮੇ ਦਰਜ ਹਨ)